# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

**ਐਸ.ਸੀ.ਓ 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ**
**ਫੋਨ ਨੰ: 0172-2623207, 2623106, 2600166, ਫੈਕਸ ਨੰ: 0172-2624687**

---

ਸੇਵਾ ਵਿਖੇ

ਸਮੂਹ ਡਿਪਟੀ ਕਮਿਸ਼ਨਰ
ਪੰਜਾਬ।

ਮੀਮੋ ਨੰ:- SSA/DE/CM/Trg/10/ 71536-555
ਮਿਤੀ: ਚੰਡੀਗੜ੍ਹ 25/11/10

**ਵਿਸ਼ਾ ਸ਼ੈਸ਼ਨ 2010-11 ਦੀ ਪਸਵਕ / ਕਮਿਊਨਿਟੀ ਟ੍ਰੇਨਿੰਗ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਕਿਸੇ ਵੀ ਸਕੂਲ ਵਿੱਚ ਪੜ੍ਹਾਈ ਦੀ ਗੁਣਵਤਾ ਜਾਂ ਪੱਧਰ ਨੂੰ ਉੱਚਾ ਚੁੱਕਣ ਲਈ ਕਮਿਊਨਿਟੀ ਦੀ ਸ਼ਮੂਲਿਅਤ ਅਤਿ ਜ਼ਰੂਰੀ ਹੁੰਦੀ ਹੈ ਅਤੇ ਇਸ ਮੰਤਵ ਲਈ ਹਰ ਸਕੂਲ ਵਿੱਚ ਪੇਂਡੂ / ਸ਼ਹਿਰੀ ਸਿੱਖਿਆ ਵਿਕਾਸ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ।

3.0 ਇੱਥੇ ਇਹ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਪਸਵਕ / ਕਮਿਊਨਿਟੀ ਦੇ ਮੈਂਬਰਾਂ ਨੂੰ ਸਮੇਂ-2 ਤੇ ਸਿੱਖਿਆ ਵਿਭਾਗ ਦੀ ਕਾਰਜ ਪ੍ਰਣਾਲੀ ਤੋਂ ਜਾਣੂੰ ਕਰਵਾਇਆ ਜਾਵੇ ਤੇ ਉਨ੍ਹਾਂ ਨੂੰ ਸਿੱਖਿਆ ਵਿਭਾਗ ਦੇ ਨਾਲ ਜੋੜਿਆ ਜਾਵੇ। ਇਸ ਮੰਤਵ ਲਈ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਵੱਲੋਂ ਹਰ ਸਾਲ ਪੰਜਾਬ ਦੇ ਸਮੂਹ ਸਕੂਲਾਂ ਦੀਆਂ ਪਸਵਕ ਕਮੇਟੀਆਂ ਤੇ ਕਮਿਊਨਿਟੀ ਦੇ ਮੈਂਬਰਾਂ ਨੂੰ ਸਰਵ ਸਿੱਖਿਆ ਅਭਿਆਨ ਪ੍ਰੋਜੈਕਟ ਦੇ ਸਬੰਧ ਵਿੱਚ ਟ੍ਰੇਨਿੰਗ ਦਿੱਤੀ ਜਾਂਦੀ ਹੈ।

4.0 ਸ਼ੈਸ਼ਨ 2010-11 ਦੌਰਾਨ ਇਹ ਟ੍ਰੇਨਿੰਗ ਦਸੰਬਰ 2010, ਜਨਵਰੀ ਅਤੇ ਫਰਵਰੀ 2011 ਦੌਰਾਨ ਹਰੇਕ ਪਸਵਕ / ਸਸਵਕ ਦੇ ਸਬੰਧਤ ਪਿੰਡ / ਸ਼ਹਿਰ ਪੱਧਰ ਤੇ ਇਕ-ਇਕ ਦਿਨ (ਕੁੱਲ ਤਿੰਨ ਦਿਨ) ਲਈ ਕਰਵਾਈ ਜਾਵੇਗੀ ਜਿਸ ਦਾ ਸ਼ਡਿਊਲ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਦੇ ਦਫ਼ਤਰ ਵਿਖੇ ਉਪਲਬਧ ਹੈ।

5.0 ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਜ਼ਿਲ੍ਹੇ ਦੇ ਸਮੂਹ ਸਬ-ਡਿਵਿਜਨਲ ਮੈਜਿਸਟਰੇਟ (ਐਸ.ਡੀ.ਐਮ) ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਤਾਂ ਜੋ ਉਹ ਉਨ੍ਹਾਂ ਦੇ ਅਧੀਨ ਆਉਂਦੇ ਪਿੰਡ / ਸ਼ਹਿਰ ਦੀਆਂ ਪੰਚਾਇਤਾਂ ਜਾਂ ਐਮ.ਸੀਜ਼ ਦੇ ਮੈਂਬਰਾਂ ਦੀ ਹਾਜ਼ਰੀ ਇਨ੍ਹਾਂ ਟ੍ਰੇਨਿੰਗਜ਼ ਵਿੱਚ ਯਕੀਨੀ ਬਣਾਉਣ।

6.0 ਇਸ ਸਬੰਧ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਲੋਕਲ ਬਾਡੀਜ਼ (ਪੀ.ਆਰ.ਆਈ.) ਅਧੀਨ ਆਉਂਦੇ ਸਕੂਲਾਂ ਦੇ ਸਕੂਲ ਮੁੱਖੀਆਂ ਨੂੰ ਵਿਸ਼ੇਸ਼ ਤੌਰ ਤੇ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਉਹ ਇਨ੍ਹਾਂ ਟ੍ਰੇਨਿੰਗਜ਼ ਲਈ ਲੋੜੀਂਦਾ ਸਹਿਯੋਗ ਜ਼ਰੂਰ ਦੇਣ।

7.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪ ਜੀ ਵੱਲੋਂ ਆਪਣੇ ਪੱਧਰ ਤੇ ਵੀ ਇਨ੍ਹਾਂ ਟ੍ਰੇਨਿੰਗਜ਼ ਦੀ ਮੋਨੀਟਰਿੰਗ ਕਰਵਾ ਲਈ ਜਾਵੇ।

**ਸਹੀ/-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

ਪਿੰਠ ਅੰਕਣ ਨੰ: SSA/DE/CM/Trg/10/ ਮਿਤੀ:
ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤੀ ਰਾਜ
2. ਸਮੂਹ ਵਧੀਕ ਡਿਪਟੀ ਕਮਿਸ਼ਨਰ, ਪੰਜਾਬ
3. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
4. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ
5. ਸਮੂਹ ਸਕੂਲ ਮੁੱਖੀ
6. ਡੀ.ਐਮ. (ਐਮ.ਆਈ.ਐਸ.) ਵੈੱਬ ਸਾਇਟ ਤੇ ਪਾਉਣ ਲਈ

**ਸਹੀ/-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**